# ਇਰਾਕ ਬਾਰੇ ਓਬਾਮਾ ਦੀ ਤਕਰੀਰਃ ਅਮਰੀਕਨ ਲੋਕ ਰਾਏ ਦੀ ਹੱਤਕ

ਇਕੱਤੀ ਅਗਸਤ ਦੀ ਰਾਤ ਓਬਾਮਾ ਨੇ ਟੀ ਵੀ ਤੇ ਅਮਰੀਕਨ ਲੋਕਾਂ ਨੂੰ ਵਾਈਟ ਹਾਊਸ ਤੋਂ ਮੁਖ਼ਾਤਬ ਕਰਦੇ ਹੋਏ ਇਕ ਤਕਰੀਰ ਵਿਚ ਕਿਹਾ ਕਿ ਹੁਣ ਇਰਾਕ ਵਿਚੋਂ ਲੜਾਈ ਕਰਨ ਵਾਲੀਆਂ ਫੌਜਾਂ ਵਾਪਿਸ ਬੁਲਾ ਲਈਆਂ ਗਈਆਂ ਹਨ ਅਤੇ ਅਮਰੀਕਾ ਦਾ ਇਰਾਕ ਤੇ ਕਬਜ਼ੇ ਵਾਲਾ ਦੌਰ ਖ਼ਤਮ ਹੋ ਗਿਆ ਹੈ, ਅਤੇ ਹੁਣ ਇਰਾਕ ਦੇ ਲੋਕ ਆਪਣੀ ਸਰਕਾਰ ਆਪ ਬਣਾਉਣਗੇ ਤੇ ਆਪਣੀ ਕਿਸਮਤ ਦਾ ਫੈਸਲਾ ਆਪ ਕਰਨਗੇ। ਓਬਾਮਾ ਨੇ ਕਿਹਾ ਕਿ ਅਮਰੀਕਨ ਲੋਕਾਂ ਨੇ ਇਰਾਕ ਦੇ ਲੋਕਾਂ ਦੀ ਮਦਦ ਲਈ ਬਹੁਤ ਹੀ ਕੁਰਬਾਨੀਆਂ ਦਿੱਤੀਆਂ ਹਨ। ਹਜ਼ਾਰਾਂ ਹੀ ਅਮਰੀਕਨ ਫੌਜੀ ਇਸ ਜੰਗ ਵਿਚ ਹਲਾਕ ਹੋਏ ਹਨ ਅਤੇ ਇਸ ਤੋਂ ਕਈ ਗੁਣਾ ਜ਼ਿਆਦਾ ਜ਼ਖਮੀ ਹੋ ਗਏ ਹਨ। ਅਮਰੀਕਨ ਲੋਕਾਂ ਨੂੰ ਆਪ ਤੰਗੀ ਅਤੇ ਬੁਰੇ ਵਕਤ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਪਰ ਫਿਰ ਵੀ ਅਮਰੀਕਾ ਨੇ ਇਰਾਕੀ ਲੋਕਾਂ ਦੀ ਆਜ਼ਾਦੀ ਅਤੇ ਹੱਕਾਂ ਲਈ ਬਹੁਤ ਹੀ ਜ਼ਿਆਦਾ ਕੀਮਤ ਚੁਕਾਈ ਹੈ। ਉਸਨੇ ਕਿਹਾ ਕਿ ਹੁਣ ਅਮਰੀਕਨ ਅਮਲਾ ਅਤੇ ਬਕਾਇਆ ਫੌਜ ਇਰਾਕ ਦੇ ਲੋਕਾਂ ਅਤੇ ਸਰਕਾਰ ਦੀ ਮਰਜ਼ੀ ਨਾਲ ਹੀ ਉਥੇ ਰਹਿਣਗੇ ਅਤੇ ਇਰਾਕ ਨੂੰ ਇਕ ਖੁਸ਼ਹਾਲ ਅਤੇ ਜਮਹੂਰੀ ਮੁਲਕ ਬਣਾਉਣ ਵਿਚ ਉਨ੍ਹਾਂ ਦੀ ਮਦਦ ਕਰਨਗੇ। ਇਰਾਕ ਚ ਅਮਰੀਕੀ ਫੌਜ ਦੇ ਕਮਾਂਡਰ ਨੇ ਵੀ ਕਿਹਾ ਹੈ ਕਿ ਹੁਣ ਉਪਰੇਸ਼ਨ ਨਿਊ ਡਾਨ(ਨਵਾਂ ਸਵੇਰਾ) ਸ਼ੁਰੂ ਹੋ ਗਿਆ ਹੈ ਜਿਸਦਾ ਮਕਸਦ ਇਰਾਕੀਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਵਿਚ ਮਦਦ ਕਰਨਾ ਹੈ। ਇਸ ਤਕਰੀਰ ਵਿਚ ਓਬਾਮਾ ਨੇ ਵੀ ਬੁਸ਼ ਵਾਂਗ ਹੀ ਇਰਾਕ ਤੇ ਕਬਜ਼ੇ ਦੀ ਜੰਗ ਨੂੰ ਅਮਰੀਕਾ ਵਲੋਂ ਦੂਜੀ ਆਲਮੀ ਜੰਗ ਬਾਅਦ ਹੋਰ ਮੁਲਕਾਂ ਤੇ ਕੀਤੇ ਗਏ ਹਮਲਿਆਂ ਅਤੇ ਕਬਜ਼ਿਆਂ ਨਾਲ ਜੋੜ ਕੇ ਅਮਰੀਕਾ ਦੀ ਅਮਨ ਅਤੇ ਆਜ਼ਾਦੀ ਦੀ ਰਾਖੀ ਦੇ ਸੋਹਲੇ ਗਾਏ।

ਜਾਰਜ ਬੁਸ਼ ਵਾਂਗ ਓਬਾਮਾ ਨੇ ਵੀ ਅਮਰੀਕਨ ਲੋਕਾਂ ਨੂੰ ਇਕ ਬਾਰ ਫਿਰ ਝੂਠ ਅਤੇ ਫਰੇਬ ਨਾਲ ਠੱਗਣ ਦੀ ਕੋਸ਼ਿਸ਼ ਕੀਤੀ ਹੈ। ਪਰ ਅਮਰੀਕਨ ਲੋਕ ਇਸ ਝੂਠ ਫਰੇਬ ਤੋਂ ਜਾਣੂ ਹਨ। ਓਬਾਮਾ ਦੀ ਤਕਰੀਰ ਦੇ ਐਲਾਨ ਦੇ ਬਾਅਦ ਹੀ ਅਮਰੀਕਨ ਲੋਕਾਂ ਨੇ ਉਸਦੇ ਝੂਠ ਅਤੇ ਕੁਫਰ ਬਾਰੇ ਵਿਚਾਰ ਵਟਾਂਦਰੇ ਸ਼ੁਰੂ ਕਰ ਦਿਤੇ। ਉਹ ਪੁੱਛ ਰਹੇ ਹਨ ਕਿ ਜੇ ਇਰਾਕ ਚੋਂ ਫੌਜ ਵਾਪਿਸ ਆ ਰਹੀ ਹੈ ਤਾਂ ਉਥੇ ਤਕਰੀਬਨ ਪੰਜਾਹ ਹਜ਼ਾਰ ਫੌਜੀ ਕੀ ਕਰਨ ਲਈ ਬੈਠੇ ਹਨ? ਜੇ ਅਮਰੀਕਾ ਇਰਾਕ ਦਾ ਕਬਜ਼ਾ ਛੱਡ ਰਿਹਾ ਹੈ ਤਾਂ ਉਥੇ ਇਕ ਲੱਖ ਦੇ ਕਰੀਬ ਪ੍ਰਾਈਵੇਟ ਕੰਪਨੀਆਂ ਦੇ ਫੌਜੀ ਕੀ ਕਰ ਰਹੇ ਹਨ?

ਓਬਾਮਾ ਅਤੇ ਉਸ ਦੇ ਨਿਜ਼ਾਮ ਕੋਲ ਲੋਕਾਂ ਦੇ ਇਨ੍ਹਾਂ ਸੁਆਲਾਂ ਦਾ ਕੋਈ ਜਵਾਬ ਨਹੀਂ। ਉਹ ਉਹੀ ਪੁਰਾਣੇ ਘਸੇ ਪਿਟੇ ਜਾਰਜ ਬੁਸ਼ ਵਾਲੇ ਫਿਕਰੇ ਹੀ ਦੁਹਰਾ ਰਹੇ ਹਨ। ਉਹ ਹਨੇਰੇ ਨੂੰ ਦਿਨ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਤਾਂ ਕਰ ਰਹੇ ਹਨ ਪਰ ਕਾਮਯਾਬ ਨਹੀਂ ਹੋ ਰਹੇ।

ਅਮਰੀਕਾ ਦੇ ਲੋਕ ਪੁਛ ਰਹੇ ਹਨ ਕਿ ਓਬਾਮਾ ਅਤੇ ਬੁਸ਼ ਦੇ ਝੂਠ ਅਤੇ ਕੁਫਰ ਦੇ ਰਾਹ ਤੋਂ ਕਿਸ ਤਰ੍ਹਾਂ ਛੁਟਕਾਰਾ ਹੋ ਸਕਦਾ ਹੈ? ਬਹੁਤ ਸਾਰੇ ਲੋਕ, ਜਿਨ੍ਹਾਂ ਨੇ ਓਬਾਮਾ ਨੂੰ ਇਸ ਲਈ ਵੋਟਾਂ ਪਾਈਆਂ ਸੀ ਕਿ ਉਹ ਹੱਕ ਸੱਚ ਤੇ ਤਬਦੀਲੀ ਦੀਆਂ ਗੱਲਾਂ ਕਰਦਾ ਸੀ, ਹੁਣ ਪਛਤਾ ਰਹੇ ਹਨ ਤੇ ਕਹਿ ਰਹੇ ਹਨ ਕਿ ਓਬਾਮਾ ਵੀ ਜਾਰਜ ਬੁਸ਼ ਵਾਲੇ ਰਾਹ ਤੇ ਹੀ ਚਲ ਰਿਹਾ ਹੈ। ਉਹ ਕਹਿ ਰਹੇ ਹਨ ਕਿ ਓਬਾਮਾ ਵੀ ਬੁਸ਼ ਵਾਂਗ ਹੀ ਕਹਿੰਦਾ ਕੁਝ ਤੇ ਕਰਦਾ ਕੁਝ ਹੈ ਤੇ ਇਨ੍ਹਾਂ ਲੀਡਰਾਂ ਤੋਂ ਛੁਟਕਾਰਾ ਕਿਸ ਤਰਾਂ ਮਿਲ ਸਕਦਾ ਹੈ?

ਅਮਰੀਕਾ ਦੇ ਲੋਕ ਇਰਾਕ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚ ਅਮਰੀਕਨ ਫੌਜ ਦੇ ਧਾੜੇ ਅਤੇ ਕਬਜ਼ੇ ਦੀ ਪੁਰਜ਼ੋਰ ਮੁਖ਼ਾਲਫ਼ਤ ਕਰ ਰਹੇ ਹਨ। ਉਹ ਇਨ੍ਹਾਂ ਕਬਜ਼ਿਆਂ ਅਤੇ ਧਾੜਿਆਂ ਨੂੰ ਫੌਰਨ ਹੀ ਬੰਦ ਕਰਨ ਦੇ ਪੱਖ ਵਿਚ ਹਨ ਪਰ ਉਨ੍ਹਾਂ ਦੀ ਸੁਣਦਾ ਕੋਈ ਨਹੀਂ। ਰਾਜਤੰਤ੍ਰ, ਸਿਆਸੀ ਪਾਰਟੀਆਂ ਅਤੇ ਮੌਜੂਦ ਨਿਜ਼ਾਮ ਵਿਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ। ਉਹ ਇਸ ਮਸਲੇ ਬਾਰੇ ਸੰਜੀਦਗੀ ਨਾਲ ਸੋਚ ਰਹੇ ਹਨ। ਆਉਣ ਵਾਲੇ ਦਿਨਾਂ ਵਿਚ ਵੱਖ ਵੱਖ ਥਾਂਵਾਂ ਤੇ ਰੋਸ ਮੁਜ਼ਾਹਰਿਆਂ ਅਤੇ ਗੋਸ਼ਟੀਆਂ ਵਿਚ ਉਹ ਇਨ੍ਹਾਂ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕਰਨਗੇ।

ਇਰਾਕ ਬਾਰੇ ਓਬਾਮਾ ਦੀ ਤਕਰੀਰ ਇਕ ਬਾਰ ਫਿਰ ਲੋਕਾਂ ਨੂੰ ਕੁਰਾਹੇ ਪਾਉਣ ਦੀ ਤਕਰੀਰ ਹੈ। ਓਬਾਮਾ ਦਾ ਮਕਸਦ ਇਹ ਕਹਿਣਾ ਸੀ ਕਿ ਚੋਣਾਂ ਦੌਰਾਨ ਉਸਨੇ ਜੋ ਵਾਅਦਾ ਕੀਤਾ ਸੀ ਕਿ ਉਹ ਇਰਾਕ ਚੋਂ ਫੌਜ ਕੱਢ ਲਵੇਗਾ, ਪੂਰਾ ਕਰ ਦਿਤਾ ਹੈ। ਪਰ ਉਸ ਦੇ ਕੁਫਰ ਅਤੇ ਝੂਠ ਦਾ ਪਰਦਾ ਫ਼ਾਸ਼ ਕਰ ਕੇ ਅਸਲੀਅਤ ਸਭ ਦੇ ਸਾਮ੍ਹਣੇ ਖੜ੍ਹੀ ਹੈ ਅਤੇ ਓਬਾਮਾ ਬੁਸ਼ ਵਾਂਗ ਹੀ ਇਕ ਝੂਠਾ ਸਦਰ ਸਾਬਤ ਹੋ ਗਿਆ ਹੈ। ਅਮਰੀਕਾ ਦੇ ਸਦਰ ਕੋਲ, ਉਹ ਭਾਵੇਂ ਓਬਾਮਾ ਹੋਵੇ ਜਾਂ ਬੁਸ਼, ਲੋਕ ਰਾਏ ਦੀ ਹੱਤਕ ਦੇ ਇਲਾਵਾ, ਝੂਠ ਅਤੇ ਕੁਫਰ ਦੇ ਇਲਾਵਾ ਕੋਈ ਦਲੀਲ ਹੈ ਹੀ ਨਹੀਂ। ਉਹ ਅਮਰੀਕਨ ਸਾਮਰਾਜ ਦੇ ਹਮਲਿਆਂ ਅਤੇ ਧਾੜਿਆਂ ਨੂੰ ਕਿਸੇ ਵੀ ਦਲੀਲ ਨਾਲ ਜਾਇਜ਼ ਅਤੇ ਦਰੁਸਤ ਕਰਾਰ ਨਹੀਂ ਦੇ ਸਕਦੇ। ਇਸਦੀ ਵਜ੍ਹਾ ਇਹ ਹੈ ਕਿ ਹਾਲਾਤ ਅਤੇ ਤਾਰੀਖ਼ ਧਾੜਿਆਂ ਅਤੇ ਸਾਮਰਾਜ ਦੇ ਉਲਟ ਗੱਲ ਕਰਦੇ ਹਨ। ਲੋਕ ਰਾਏ ਧਾੜਿਆਂ ਅਤੇ ਕਬਜ਼ਿਆਂ ਦੇ ਖ਼ਿਲਾਫ਼ ਹੈ। ਲੋਕ ਸਭਨਾਂ ਦੇ ਹੱਕਾਂ ਦੀ ਰਾਖੀ ਦੀ ਮੰਗ ਕਰ ਰਹੇ ਹਨ ਅਤੇ ਹੱਕ ਲੈਣ ਲਈ ਘੋਲ ਚਲਾ ਰਹੇ ਹਨ। ਉਨ੍ਹਾਂ ਨੂੰ ਬੁਸ਼ ਅਤੇ ਓਬਾਮਾ ਦੇ ਧਾੜੇ ਮਨਜ਼ੂਰ ਨਹੀਂ, ਉਹ ਤਮਾਮ ਦੁਨੀਆ ਦੇ ਲੋਕਾਂ ਨਾਲ ਅਮਨ ਅਤੇ ਭਰਾਤਰੀ ਰਿਸ਼ਤੇ ਰਖਣਾ ਚਾਹੁੰਦੇ ਹਨ।